**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

ਹੁਕਮ ਨੰਬਰ:-20/22-2018-ਅਮਲਾ-1(1)

ਮਿਤੀ ਅਜੀਤਗੜ੍ਹ:-08/06/2018

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਵਲੋਂ ਪੱਤਰ ਨੰਬਰ:-ਅਮਲਾ-2018/ਅ-4/ 1376 ਮਿਤੀ 09/02/2018 ਅਨੁਸਾਰ ਮੁੱਖ ਦਫਤਰ ਸਿਖਿਆ ਵਿਭਾਗ ਨੂੰ ਲਿਖਤੀ ਰੂਪ ਵਿਚ ਰਿਪੋਰਟ ਪੇਸ਼ ਕੀਤੀ ਸੀ ਕਿ ਉਹਨਾਂ ਵਲੋਂ ਮਿਤੀ 08/02/2018 ਨੂੰ ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਡੇਰਾ ਬਾਬਾ ਨਾਨਕ ਗਏ। ਉਥੇ ਤੈਨਾਤ ਸ਼੍ਰੀ ਮਹਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਧਿਆਨਪੁਰਾ ਜਿਸ ਪਾਸ ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਡੇਰਾ ਬਾਬਾ ਨਾਨਕ ਦਾ ਵਾਧੂ ਚਾਰਜ ਹੈ। ਜੋ ਕਿ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਡੇਰਾ ਬਾਬਾ ਨਾਨਕ ਵਿਖੇ ਹਾਜਰ ਨਹੀਂ ਸਨ। ਉਥੇ ਤੈਨਾਤ ਕਲਰਕ ਵਲੋਂ ਦੱਸਿਆ ਗਿਆ ਕਿ ਬੀ.ਪੀ.ਈ.ਓ. ਸਵੇਰੇ 9:00 ਵਜੇ ਦਫਤਰ ਆਏ ਸਨ ਪਰ ਬਿਨ੍ਹਾਂ ਹਾਜਰੀ/ਮੂਵਮੈਂਟ ਰਜਿਸਟਰ ਵਿਚ ਕੋਈ ਡਿਊਟੀ ਚੜ੍ਹਾਏ ਚਲੇ ਗਏ। ਉਥੇ ਉਹਨਾਂ ਨੇ ਬੀ.ਪੀ.ਈ.ਓ. ਨਾਲ ਮੋਬਾਇਲ ਫੋਨ ਤੇ ਗੱਲ ਕੀਤੀ ਗਈ, ਤਾਂ ਬੀ.ਪੀ.ਈ.ਓ. ਵਲੋਂ ਕਿਹਾ ਗਿਆ ਕਿ ਉਹ ਦਫਤਰ ਡੇਰਾ ਬਾਬਾ ਨਾਨਕ ਵਿਖੇ ਪਹੁੰਚ ਰਹੇ ਹਨ। ਪਰ ਉਹ ਹਾਜਰ ਨਹੀਂ ਹੋਏ। ਇਸ ਉਪਰੰਤ ਬੀ.ਪੀ.ਈ.ਓ. ਧਿਆਨਪੁਰ ਦੇ ਦਫਤਰ ਦੇ ਕਲਰਕ ਵਲੋਂ ਮੋਬਾਇਲ ਤੇ ਦੱਸਿਆ ਗਿਆ ਕਿ ਬੀ.ਪੀ.ਈ.ਓ. ਵਲੋਂ ਉਸ ਨੂੰ ਫੋਨ ਤੇ ਕਿਹਾ ਗਿਆ ਕਿ ਉਹਨਾਂ ਦੀ ਅੱਜ ਦੀ ਛੁੱਟੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਦੇ ਦਫਤਰ ਨੂੰ ਈ-ਮੇਲ ਰਾਹੀਂ ਭੇਜ ਦੇਵੇ। ਕਲਰਕ ਵਲੋਂ ਬੀ.ਪੀ.ਈ.ਓ. ਦੀ ਛੁੱਟੀ 11:30 ਵਜੇ ਸਮਰੱਥ ਅਧਿਕਾਰੀ ਨੂੰ ਮੇਲ ਕੀਤੀ ਗਈ। ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਅਧਿਕਾਰੀ ਵਲੋਂ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਨੂੰ ਮਿਸ ਲੀਡ ਕੀਤਾ ਗਿਆ ਅਤੇ ਉਹਨਾਂ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਗਈ।

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਵਲੋਂ ਪੇਸ਼ ਕੀਤੀ ਗਈ ਰਿਪੋਰਟ ਦੇ ਸੰਨਮੁੱਖ ਵਿਭਾਗ ਦੇ ਉੱਚ ਅਧਿਕਾਰੀ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਕਾਰਨ ਤੇ ਮਿਸ ਲੀਡ ਕਰਨ ਕਰਕੇ ਹੁਕਮ ਨੰਬਰ:- 20/22-2018-ਅਮਲਾ-1(1) ਮਿਤੀ 12/02/2018 ਅਨੁਸਾਰ ਸ਼੍ਰੀ ਮਹਿੰਦਰ ਸਿੰਘ, ਬੀ.ਪੀ.ਈ.ਓ. ਧਿਆਨਪੁਰਾ(ਗੁਰਦਾਸਪੁਰ) ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਮੁਅੱਤਲ ਕਰਕੇ ਹੁਕਮ ਨੰਬਰ:- 20/22-2018-ਅਮਲਾ-1(1) ਮਿਤੀ 12/02/2018 ਅਨੁਸਾਰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੀ ਧਾਰਾ 8 ਦੇ ਨਿਯਮ 5 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ।

ਇਸ ਅਧਿਕਾਰ ਵਲੋਂ ਦੋਸ਼ ਸੂਚੀ ਦੇ ਪੇਸ਼ ਕੀਤੇ ਗਏ ਜਵਾਬ ਵਿਚ ਦਰਜ ਕੀਤੇ ਗਏ ਤੱਥਾਂ ਨਾਲ ਮੁੱਖ ਦਫਤਰ ਸਹਿਮਤ ਨਾ ਹੋਣ ਦੀ ਸੂਰਤ ਵਿਚ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸ਼੍ਰੀ ਗੁਰਮੇਜ਼ ਕੈਂਥ, ਸਹਾਇਕ ਡਾਇਰੈਕਟਰ (ਅਮਲਾ) ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਜੀ ਨੂੰ ਰੈਗੂਲਰ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਇਸ ਮਾਮਲੇ ਵਿਚ ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਨੁਸਾਰ ਦੋਸ਼ੀ ਅਧਿਕਾਰੀ ਵਲੋਂ ਉਸ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ ਮੰਨ ਗਏ ਗਏ ਜਿਸ ਸਦਕਾ ਪੜਤਾਲੀਆ ਅਫਸਰ ਵਲੋਂ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ ਸਿੱਧ ਕਰ ਦਿੱਤੇ। ਪੜਤਾਲ ਦੌਰਾਨ ਦੋਸ਼ੀ ਅਧਿਕਾਰੀ ਵਲੋਂ ਇਹ ਮੰਨਿਆ ਗਿਆ ਕਿ ਇਹ ਗਲਤੀ ਉਸ ਵਲੋਂ ਜਾਣਬੁੱਝ ਕੇ ਨਹੀਂ ਕੀਤੀ ਗਈ। ਸਗੋਂ ਉਸ ਦੀ ਘਰੇਲੂ ਮਜਬੂਰੀ ਕਾਰਨ ਕਿਉਂਕਿ ਉਸ ਦੇ ਘਰੋਂ ਫੋਨ ਆ ਗਿਆ ਕਿ ਉਸ ਦੀ ਮਾਤਾ ਦੀ ਸਿਹਤ ਅਚਾਨਕ ਖਰਾਬ ਹੋ ਗਈ ਹੈ, ਜਿਸ ਕਰਕੇ ਉਸ ਨੂੰ ਮਜਬੂਰੀ ਵੱਸ ਘਰ ਜਾਣਾ ਪਿਆ। ਇਹ ਵੀ ਭਰੋਸਾ ਦਿਵਾਇਆ ਕਿ ਉਹ ਅਜਿਹੀ ਗਲਤੀ ਭਵਿੱਖ ਵਿਚ ਮੁੜ ਨਹੀਂ ਦੁਹਰਾਏਗਾ।

ਉਕਤ ਸਥਿਤੀ ਦੇ ਸੰਨਮੁੱਖ ਦਫਤਰ ਵਲੋਂ ਇਹ ਪਾਇਆ ਗਿਆ ਕਿ ਜੇਕਰ ਦੋਸ਼ੀ ਅਧਿਕਾਰੀ ਨੂੰ

ਉਸ ਦੇ ਘਰੋਂ ਫੋਨ ਆਇਆ ਸੀ ਜਿਸ ਦੇ ਸੰਨਮੁੱਖ ਉਸ ਵਲੋਂ ਆਪਣੇ ਦਫਤਰ ਦੇ ਕਲਰਕ ਨੂੰ ਛੁੱਟੀ ਭੇਜਣ ਹਿੱਤ ਫੋਨ ਕੀਤਾ ਗਿਆ ਪਰ ਇਹ ਅਧਿਕਾਰੀ ਆਪਣੀ ਮਜਬੂਰੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਦੇ ਮੋਬਾਇਲ ਫੋਨ ਤੇ ਵੀ ਦੱਸ ਕੇ ਅਤੇ ਮਜਬੂਰੀ ਵੱਸ ਟੈਲੀਫੋਨੀਕਲੀ ਆਪਣੀ ਛੁੱਟੀ ਪ੍ਰਵਾਨ ਕਰਵਾ ਕੇ ਜਾ ਸਕਦਾ ਸੀ। ਪਰ ਦੋਸ਼ੀ ਅਧਿਕਾਰੀ ਵਲੋਂ ਅਜਿਹਾ ਨਹੀਂ ਕੀਤਾ ਗਿਆ। ਜਦੋਂ ਕਿ ਜਿਲ੍ਹਾਹ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਦੋਸ਼ੀ ਅਧਿਕਾਰੀ ਦੀ ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਡੇਰਾ ਬਾਬਾ ਨਾਨਕ ਵਿਖੇ ਉਸ ਦੀ ਉਡੀਕ ਕਰ ਰਹੇ ਸਨ ਅਤੇ ਦੋਸ਼ੀ ਅਧਿਕਾਰੀ ਵਲੋਂ ਉਹਨਾਂ ਨਾਲ ਹੋਈ ਮੋਬਾਇਲ ਤੇ ਗੱਲ ਅਨੁਸਾਰ ਉਹ ਦਫਤਰ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਡੇਰਾ ਬਾਬਾ ਨਾਨਕ ਵਿਖੇ ਆ ਰਿਹਾ ਹੈ।

ਉਪਰੋਕਤ ਦਰਸਾਈ ਗਈ ਸਥਿਤੀ ਦੇ ਸੰਨਮੁੱਖ ਮੈਂ ਇਸ ਨਤੀਜੇ ਤੇ ਪੁੱਜਾ ਹਾਂ ਕਿ ਸ਼੍ਰੀ ਮਹਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਧਿਆਨਪੁਰਾ ਵਾਧੂ ਚਾਰਜ ਬੀ.ਪੀ.ਈ.ਓ. ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਲੋਂ ਜਿਲ੍ਹਾ ਸਿਖਿਆ ਅਫਸਰ (ਐ:ਸਿ:)ਗੁਰਦਾਸਪੁਰ ਨਾਲ ਮਿਸ ਲੀਡ ਕੀਤਾ ਹੈ। ਦੋਸ਼ ਮੰਨ ਲਏ ਗਏ ਹਨ/ਸਿੱਧ ਹੁੰਦੇ ਹਨ।

ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਅਜੀਤਗੜ੍ਹ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਉਕਕਤ ਮਾਮਲੇ ਵਿਚ ਸ਼੍ਰੀ ਮਹਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਧਿਆਨਪੁਰਾ (ਗੁਰਦਾਸਪੁਰ) (ਮੁਅੱਤਲੀ ਅਧੀਨ ਦੀ ਇੱਕ ਸਲਾਨਾ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਤੋਂ ਬੰਦ ਕਰਨ ਦੇ ਹੁਕਮ ਦਿੰਦਾ ਹਾਂ।

ਇਸ ਅਧਿਕਾਰੀਆਂ ਦੀਆਂ ਸੇਵਾਵਾਂ ਵੀ ਤਤਕਾਲ ਸਮੇਂ ਤੋਂ ਬਹਾਲ ਕਰਨ ਦੇ ਹੁਕਮ ਦਿੰਦਾ ਹਾਂ।

**ਇੰਦਰਜੀਤ ਸਿੰਘ**

**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 3048 **ਮਿਤੀ ਅਜੀਤਗੜ੍ਹ:-** 18/6/18

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ।
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਗੁਰਦਾਸਪੁਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਧਿਆਨਪੁਰਾ/ਡੇਰਾ ਬਾਬਾ ਨਾਨਕ (ਗੁਰਦਾਸਪੁਰ)।
5. ਸ਼੍ਰੀ ਮਹਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਧਿਆਨਪੁਰਾ (ਗੁਰਦਾਸਪੁਰ)।
6. ਐਮ.ਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਅਜੀਤਗੜ੍ਹ ਨੂੰ ਸਾਈਟ ਤੇ ਪਾਉਣ ਲਈ।

15/6/18

**ਸਹਾਇਕ ਡਾਇਰੈਕਟਰ(ਅਮਲਾ)**